# ਮਿਥੁਨ ਚੱਕਰਵਰਤੀ ਵੱਲੋਂ ਰਾਜ ਸਭਾ ਮੈਂਬਰੀ ਤੋਂ ਅਸਤੀਫ਼ਾ



**ਨਵੀਂ ਦਿੱਲੀ/ਬਿਓਰੋ**

ਤ੍ਰਿਣਮੂਲ ਕਾਂਗਰਸ ਦੇ ਰਾਜ ਸਭਾ ਮੈਂਬਰ ਮਿਥੁਨ ਚੱਕਰਵਰਤੀ ਨੇ ਰਾਜ ਸਭਾ ਦੀ ਸੀਟ ਤੋਂ ਅਸਤੀਫ਼ਾ ਦੇ ਦਿੱਤਾ ਹੈ। ਮਿਥੁਨ ਟੀ.ਐਮ.ਸੀ. ਤੋਂ ਰਾਜ ਸਭਾ ਮੈਂਬਰ ਸਨ। ਖ਼ਰਾਬ ਸਿਹਤ ਦਾ ਹਵਾਲਾ ਦੇ ਕੇ ਮਿਥੁਨ ਨੇ ਅਸਤੀਫ਼ਾ ਦਿੱਤਾ ਹੈ।

ਮਿਥੁਨ ਦੀ ਮੈਂਬਰਸ਼ਿਪ 2020 ਤੱਕ ਸੀ। ਮਿਥੁਨ ਪਿਛਲੇ ਕਾਫ਼ੀ ਸਮੇਂ ਤੋਂ ਬਿਮਾਰ ਹਨ। ਬਿਮਾਰੀ ਦੇ ਕਾਰਨ ਉਹ ਪਿਛਲੇ ਕਾਫ਼ੀ ਸਮੇਂ ਤੋਂ ਰਾਜ ਸਭਾ ਦੀ ਕਾਰਵਾਈ ਵਿੱਚ ਹਿੱਸਾ ਨਹੀਂ ਲੈ ਰਹੇ ਸਨ। ਇਸ ਕਰਕੇ ਹੁਣ ਉਨ੍ਹਾਂ ਨੇ ਹੁਣ ਰਾਜ ਸਭਾ ਤੋਂ ਅਸਤੀਫਾ ਦੇ ਦਿੱਤਾ ਹੈ। ਜ਼ਿਕਰਯੋਗ ਹੈ ਕਿ ਸ਼ਰਧਾ ਚਿੱਟ ਫ਼ੰਡ ਵਿੱਚ ਨਾਮ ਆਉਣ ਤੋਂ ਬਾਅਦ ਵੀ ਮਿਥੁਨ ਚੱਕਰਵਰਤੀ ਨੇ ਰਾਜ ਸਭਾ ਤੋਂ ਅਸਤੀਫ਼ੇ ਦੀ ਮੰਗ ਕੀਤੀ ਸੀ।

# ਜਨ-ਧਨ ਖਾਤੇ 'ਚ ਆਏ 100 ਕਰੋੜ ਦੇਖ ਉਡੇ ਔਰਤ ਦੇ ਹੋਸ਼



**ਮੇਰਠ/ ਬਿਓਰੋ**

ਯੂ.ਪੀ. ਦੇ ਮੇਰਠ ਵਿਚ ਰਹਿਣ ਵਾਲੀ ਇਕ ਔਰਤ ਦੇ ਜਨ-ਧਨ ਖਾਤੇ ਵਿਚ ਕਰੀਬ 100 ਕਰੋੜ ਰੁਪਏ ਪਹੁੰਚ ਗਏ। ਉਸ ਨੂੰ ਜਦ ਇਸ ਦਾ ਪਤਾ ਚਲਿਆ ਤਾਂ ਉਸ ਦੇ ਹੋਸ਼ ਉਡ ਗਏ। ਉਹ ਸ਼ਿਕਾਇਤ ਕਰਨ ਪੁੱਜੀ ਤਾਂ ਬੈਂਕ ਨੇ ਕੋਈ ਜਵਾਬ ਨਹੀਂ ਦਿੱਤਾ। ਹੁਣ ਔਰਤ ਦੇ ਪਤੀ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਮੇਲ ਭੇਜ ਕੇ ਇਸ ਦੀ ਸ਼ਿਕਾਇਤ ਕਰ ਦਿੱਤੀ।

ਸ਼ੀਤਲ ਯਾਦਵ ਨੇ 2015 ਵਿਚ ਸ਼ਾਰਦਾ ਰੋਡ ਸਥਿਤ ਐਸ.ਬੀ.ਆਈ. ਬੈਂਕ ਵਿਚ ਜਨ-ਧਨ ਖੁਲ੍ਹਵਾਇਆ ਸੀ। ਔਰਤ ਪਰਤਾਪੁਰ ਵਿਚ ਪੰਜ ਹਜ਼ਾਰ ਰੁਪਏ ਮਹੀਨੇ ਦੀ ਤਨਖਾਹ 'ਤੇ ਫੈਕਟਰੀ ਵਿਚ ਕੰਮ ਕਰਦੀ ਹੈ। ਸ਼ੀਤਲ ਦਾ ਪਤੀ ਟਰਾਂਸਫਾਰਮਰ ਬਣਾਉਣ ਵਾਲੀ ਕੰਪਨੀ ਵਿਚ ਕੰਮ ਕਰਦਾ ਹੈ। ਪਤੀ ਨੇ ਦੱਸਿਆ ਕਿ 18 ਦਸੰਬਰ ਨੂੰ ਏ.ਟੀ.ਐਮ. ਤੋਂ ਨਿਕਲੀ ਬੈਲੇਂਸ ਸਲਿਪ ਦੇਖ ਕੇ ਉਹ ਹੈਰਾਨ ਰਹਿ ਗਏ। ਇਸ ਦੇ ਮੁਤਾਬਕ ਸ਼ੀਤਲ ਦੇ ਖਾਤੇ ਵਿਚ 99 ਕਰੋੜ 99 ਲੱਖ 99 ਹਜ਼ਾਰ 394 ਰੁਪਏ ਬੈਲੇਂਸ ਦਿਖ ਰਿਹਾ ਸੀ। ਉਨ੍ਹਾਂ ਯਕੀਨ ਨਹੀਂ ਹੋਇਆ ਤਾਂ ਉਨ੍ਹਾਂ ਨੇ ਦੂਜੇ ਏ.ਟੀ.ਐਮ. ਤੋਂ ਸਲਿੱਪ ਕੱਢੀ। ਉਥੇ ਵੀ ਉਨ੍ਹਾਂ ਇਹੀ ਬੈਲੇਂਸ ਦਿਖਿਆ।

ਔਰਤ ਸ਼ੀਲਤ ਦਾ ਕਹਿਣਾ ਹੈ ਕਿ ਉਸ ਖਾਤੇ ਵਿਚ ਸਿਰਫ 600 ਰੁਪਏ ਸੀ ਲੇਕਿਨ ਅਚਾਨਕ ਐਨੇ ਸਾਰੇ ਪੈਸੇ ਆ ਜਾਣ ਕਾਰਨ ਪੂਰਾ ਪਰਿਵਾਰ ਪ੍ਰੇਸ਼ਾਨ ਹੈ। ਬੈਂਕ ਵਾਲੇ ਵੀ ਨਹੀਂ ਦੱਸ ਰਹੇ ਕਿ ਇਹ ਪੈਸੇ ਕਿੱਥੋਂ ਆਏ।

# ਮਜ਼ਦੂਰ ਦੇ ਖਾਤੇ 'ਚ ਇੱਕ ਕਰੋੜ 17 ਲੱਖ ਰੁਪਏ ਜਮ੍ਹਾਂ

**ਜਾਮਨਗਰ/ਬਿਓਰੋ**

सेन्ट्रल बैंक ऑफ़ इंडिया
Central Bank of India

ਬਿਹਾਰ ਦੇ ਬੇਤੀਆ 'ਚ ਇੱਕ ਮਜਦੂਰ ਦੇ ਖਾਤੇ 'ਚ ਇੱਕ ਕਰੋੜ 17 ਲੱਖ ਰੁਪਏ ਜਮ੍ਹਾਂ ਹੋ ਗਏ। ਬੇਤੀਆ ਦੇ ਰਹਿਣ ਵਾਲੇ ਬੱਦਰੀ ਸਾਹਨੀ ਗੁਜਰਾਤ ਦੇ ਜਾਮਨਗਰ 'ਚ ਰਿਲਾਇੰਸ ਰਿਫਾਇਨਰੀ 'ਚ ਵੈਲਡਰ ਵਜੋਂ ਨੌਕਰੀ ਕਰਦੇ ਹਨ। ਉਨ੍ਹਾਂ ਦੀ ਤਨਖਾਹ 16 ਹਜ਼ਾਰ ਰੁਪਏ ਪ੍ਰਤੀ ਮਹੀਨਾ ਹੈ। ਬੱਦਰੀ ਪਿਛਲੇ ਕਰੀਬ 2 ਮਹੀਨੇ ਤੋਂ ਬੇਤੀਆ 'ਚ ਆਪਣੇ ਘਰ ਸਨ। ਉਨ੍ਹਾਂ ਦਾ ਖਾਤਾ ਸੈਂਟਰਲ ਬੈਂਕ ਆਫ ਇੰਡੀਆ 'ਚ ਹੈ। ਬੱਦਰੀ ਜਦ ਕੁਝ ਪੈਸਾ ਕਢਵਾਉਣ ਲਈ ਬੈਂਕ ਪਹੁੰਚੇ ਤਾਂ ਪਤਾ ਲੱਗਾ ਕਿ ਉਨ੍ਹਾਂ ਦੇ ਖਾਤੇ 'ਚ 1 ਕਰੋੜ 17 ਲੱਖ ਰੁਪਏ ਜਮ੍ਹਾਂ ਕਰਵਾਏ ਗਏ ਹਨ।

ਆਪਣੇ ਖਾਤੇ 'ਚ ਵੱਡੀ ਰਕਮ ਦੇਖ ਕੇ ਉਹ ਹੈਰਾਨ ਰਹਿ ਗਏ। ਇਸ ਦੀ ਜਾਣਕਾਰੀ ਤੁਰੰਤ ਬੇਤੀਆ ਦੇ ਡੀ.ਐਮ. ਨੂੰ ਦਿੱਤੀ। ਇਸ 'ਤੇ ਤੁਰੰਤ ਇਨਕਮ ਟੈਕਸ ਵਿਭਾਗ ਨੂੰ ਸੂਚਿਤ ਕੀਤਾ ਗਿਆ। ਫਿਲਹਾਲ ਬੱਦਰੀ ਦਾ ਖਾਤਾ ਸੀਲ ਕਰ ਦਿੱਤਾ ਗਿਆ ਹੈ। ਮਾਮਲੇ ਦੀ ਜਾਂਚ ਜਾਰੀ ਹੈ ਕਿ ਆਖਰ ਪੈਸਾ ਕਿੱਥੋਂ ਤੇ ਕਿਸ ਨੇ ਜਮ੍ਹਾਂ ਕਰਵਾਇਆ।

# ਪੁਰਾਣੇ ਨੋਟ ਰੱਖਣ 'ਤੇ ਜੁਰਮਾਨਾ ਲਾ ਸਕਦੀ ਹੈ ਮੋਦੀ ਸਰਕਾਰ



**ਨਵੀਂ ਦਿੱਲੀ/ਬਿਓਰੋ**

ਮੋਦੀ ਸਰਕਾਰ ਪੁਰਾਣੇ ਨੋਟ ਰੱਖਣ ਦੀ ਸੀਮਾ ਖ਼ਤਮ ਹੋਣ ਤੋਂ ਬਾਅਦ ਕਿਸੇ ਕੋਲ ਪੁਰਾਣੇ 500 ਅਤੇ 1000 ਰੁਪਏ ਦੇ 10 ਤੋਂ ਵੱਧ ਨੋਟ ਪਾਏ ਜਾਣ 'ਤੇ ਜੁਰਮਾਨਾ ਲਾ ਸਕਦੀ ਹੈ। ਬੈਂਕਾਂ 'ਚ ਪੁਰਾਣੇ ਨੋਟ ਜਮ੍ਹਾਂ ਕਰਾਉਣ ਦੀ ਸਮਾਂ ਸੀਮਾ ਖਤਮ ਹੋਣ ਦੇ ਬਾਅਦ ਕਿਸੇ ਕੋਲ ਇਹ ਨੋਟ ਪਾਏ ਜਾਣ 'ਤੇ ਜੁਰਮਾਨਾ ਲਾਉਣ ਦਾ ਆਰਡੀਨੈਂਸ ਲਿਆ ਸਕਦੀ ਹੈ। ਇਸ ਬਿੱਲ ਦੇ ਜ਼ਰੀਏ ਸਰਕਾਰ ਅਤੇ ਰਿਜ਼ਰਵ ਬੈਂਕ ਦੀ ਇਨ੍ਹਾਂ ਨੋਟਾਂ ਦੇ ਧਾਰਕਾਂ ਨੂੰ ਉਨ੍ਹਾਂ ਦੇ ਨੋਟ ਦਾ ਮੁੱਲ ਦੇਣ ਦਾ ਵਾਅਦਾ ਕਰਨ ਵਾਲੀ ਦੇਣ ਦਾਰੀ ਨੂੰ ਵੀ ਖਤਮ ਕੀਤਾ ਜਾ ਸਕਦਾ ਹੈ।

1978 'ਚ ਮੋਰਾਰਜੀ ਦੇਸਾਈ ਦੀ ਜਨਤਾ ਪਾਰਟੀ ਸਰਕਾਰ ਨੇ 1000, 5000 ਅਤੇ 10000 ਦਾ ਨੋਟ ਬੰਦ ਕਰਨ ਦੇ ਬਾਅਦ ਸਰਕਾਰ ਦੀ ਦੇਣਦਾਰੀ ਨੂੰ ਖਤਮ ਕਰਨ ਲਈ ਇਸੇ ਤਰ੍ਹਾਂ ਦਾ ਆਰਡੀਨੈਂਸ ਲਿਆਂਦਾ ਸੀ। ਇਸ ਨਿਯਮ ਦਾ ਉਲੰਘਣ ਕਰਨ 'ਤੇ 50,000 ਰੁਪਏ ਜਾਂ ਜਿੰਨੀ ਰਾਸ਼ੀ ਮਿਲੇਗੀ ਉਸ ਦਾ 5 ਗੁਣਾਂ ਜੁਰਮਾਨਾ, ਜੋ ਵੀ ਉੱਚਾ ਹੋਵੇ ਲਾਇਆ ਜਾ ਸਕਦਾ ਹੈ।

ਹਾਲਾਂਕਿ ਅਧਿਕਾਰਕ ਤੌਰ 'ਤੇ ਇਸ ਦੀ ਪੁਸ਼ਟੀ ਨਹੀਂ ਹੋਈ ਹੈ। ਸੂਤਰਾਂ ਨੇ ਕਿਹਾ ਹੈ ਕਿ ਅਜਿਹੇ ਨੋਟ ਰੱਖਣ ਵਾਲੇ ਇਨ੍ਹਾਂ ਨੂੰ ਰਿਜ਼ਰਵ ਬੈਂਕ 'ਚ ਜਮ੍ਹਾਂ ਕਰਵਾ ਸਕਦੇ ਹਨ।

# ਸੁਪਰੀਮ ਕੋਰਟ ਨੇ ਅਕਾਲੀ ਦਲ ਨੂੰ ਵੱਡਾ ਝਟਕਾ ਦਿੱਤਾ



**ਨਵੀਂ ਦਿੱਲੀ/ਬਿਓਰੋ**

ਸੁਪਰੀਮ ਕੋਰਟ ਨੇ ਅਕਾਲੀ ਦਲ ਨੂੰ ਵੱਡਾ ਝਟਕਾ ਦਿੰਦਿਆਂ ਕਿਹਾ ਕਿ ਧਰਮ ਜਾਤੀ ਦੇ ਨਾਲ-ਨਾਲ ਖ਼ਾਸ ਭਾਈਚਾਰੇ, ਭਾਸ਼ਾ ਦੇ ਆਧਾਰ ਅਤੇ ਧਰਮ ਦੇ ਨਾਂ 'ਤੇ ਉੱਤੇ ਚੋਣਾਂ ਦੌਰਾਨ ਹੁਣ ਕੋਈ ਵੀ ਰਾਜਨੀਤਕ ਦਲ ਵੋਟ ਨਹੀਂ ਮੰਗ ਸਕਦਾ।

ਪੰਜਾਬ ਵਿੱਚ ਇਸ ਫੈਸਲੇ ਦਾ ਸਭ ਤੋਂ ਵੱਡਾ ਅਸਰ ਸ਼੍ਰੋਮਣੀ ਅਕਾਲੀ ਦਲ 'ਤੇ ਪਏਗਾ। ਕਿਉਂਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਧਰਮ ਅਧਾਰਤ ਸਿਆਸਤ ਕਰਦਾ ਹੈ। ਉਸ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਹਿੱਸਾ ਲਿਆ ਜਾਂਦਾ ਹੈ।

ਸੁਪਰੀਮ ਦੇ 7 ਜੱਜਾਂ ਦੇ ਸੰਵਿਧਾਨਿਕ ਬੈਂਚ ਨੇ 4-3 ਨਾਲ ਇਹ ਫ਼ੈਸਲਾ ਕੀਤਾ ਹੈ। ਕੋਰਟ ਨੇ ਸਪਸ਼ਟ ਕੀਤਾ ਕਿ ਕੋਈ ਵੀ ਉਮੀਦਵਾਰ, ਉਨ੍ਹਾਂ ਦਾ ਵਿਰੋਧੀ ਜਾਂ ਉਨ੍ਹਾਂ ਦਾ ਏਜੰਟ ਧਰਮ ਦੇ ਨਾਂ 'ਤੇ ਵੋਟ ਨਹੀਂ ਮੰਗ ਸਕਦੇ। ਸੁਪਰੀਮ ਕੋਰਟ ਨੇ ਹਿੰਦੂਤਵ ਦੇ ਮਾਮਲੇ 'ਚ ਕਈ ਪਟੀਸ਼ਨਾਂ 'ਤੇ ਇਹ ਫ਼ੈਸਲਾ ਸੁਣਾਇਆ ਹੈ। ਸੁਪਰੀਮ ਕੋਰਟ ਅਨੁਸਾਰ ਚੋਣਾਂ ਇੱਕ ਨਿਰਪੱਖ ਤਰੀਕਾ ਹੈ ਇਸ ਦਾ ਪਾਲਨ ਕੀਤਾ ਜਾਣਾ ਚਾਹੀਦਾ ਹੈ।

# ਨੋਟਬੰਦੀ ਦੇ ਬਾਅਦ ਸ਼੍ਰੀ ਸਾਈ ਬਾਬਾ ਸੰਸਥਾਨ ਟਰੱਸਟ ਨੂੰ 31,73 ਕਰੋੜ ਰੁਪਏ ਦਾ ਦਾਨ ਮਿਲਿਆ



**ਸਿਰੜੀ/ਬਿਓਰੋ**

ਸਾਈ ਬਾਬਾ ਮੰਦਰ ਦੇ ਇਕ ਅਧਿਕਾਰੀ ਸਚਿਨ ਤਾਂਬੇ ਨੇ ਦੱਸਿਆ ਕਿ ਸ਼੍ਰੀ ਸਾਈ ਬਾਬਾ ਸੰਸਥਾਨ ਟਰੱਸਟ ਨੂੰ ਨੋਟਬੰਦੀ ਦੇ ਬਾਅਦ ਸਿਰਫ 50 ਦਿਨ 'ਚ 31,73 ਕਰੋੜ ਰੁਪਏ ਦਾ ਦਾਨ ਮਿਲਿਆ ਹੈ।

ਮੰਦਰ ਨੂੰ ਪੁਰਾਣੇ 500 ਅਤੇ 1000 ਰੁਪਏ ਦੇ ਪੁਰਾਣੇ ਨੋਟਾਂ ਦੇ ਰੂਪ 'ਚ ਕੁੱਲ 4.53 ਕਰੋੜ ਰੁਪਏ ਦਾ ਦਾਨ ਮਿਲਿਆ ਹੈ, ਜਦਕਿ ਨੋਟਬੰਦੀ ਤੋਂ ਬਾਅਦ 50 ਦਿਨਾਂ ਦੌਰਾਨ ਸੰਸਥਾਨ ਨੂੰ ਦਾਨ-ਪਾਤਰਾਂ ਦੇ ਰਾਹੀਂ 18.96 ਕਰੋੜ ਰੁਪਏ ਮਿਲੇ। ਨਕਦੀ ਦੇ ਇਲਾਵਾ ਸੰਸਥਾ ਨੂੰ ਕਰੀਬ 73 ਲੱਖ ਰੁਪਏ ਮੁੱਲ ਵਾਲੇ 2.90 ਕਿਲੋਗ੍ਰਾਮ ਸੋਨੇ ਦੇ ਗਹਿਣੇ ਅਤੇ ਕਰੀਬ 18 ਲੱਖ ਮੁੱਲ ਦੇ 56 ਕਿਲੋਗ੍ਰਾਮ ਦੇ ਚਾਂਦੀ ਦੇ ਗਹਿਣੇ ਵੀ ਦਾਨ 'ਚ ਮਿਲੇ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਦੌਰਾਨ ਪ੍ਰਸਿੱਧ ਸਾਈ ਬਾਬਾ ਮੰਦਰ ਨੂੰ ਦਾਨ ਪਾਤਰਾਂ ਦੇ ਰਾਹੀਂ ਕੁੱਲ 162 ਕਰੋੜ ਰੁਪਏ ਦਾ ਦਾਨ ਮਿਲਿਆ ਸੀ, ਜੋ ਔਸਤ 44.38 ਲੱਖ ਰੁਪਏ ਪ੍ਰਤੀ ਦਿਨ ਹੈ, ਜਦਕਿ ਨੋਟਬੰਦੀ ਦੇ ਬਾਅਦ ਸੰਸਥਾਨ ਨੂੰ ਪ੍ਰਤੀਦਿਨ ਕਰੀਬ 37.92 ਲੱਖ ਰੁਪਏ ਦਾ ਦਾਨ ਹੀ ਮਿਲਿਆ ਹੈ।

# ਤਿੰਨ ਚੌਥਾਈ ਸੀਟਾਂ ਜਿੱਤਾਂਗੇ - ਬਾਦਲ



**ਪਟਨਾ/ਏਜੰਸੀ**

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇੱਥੇ ਕਿਹਾ ਕਿ ਪੰਜਾਬ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗਠਜੋੜ ਦਾ ਕਿਸੇ ਦੇ ਨਾਲ ਕੋਈ ਮੁਕਾਬਲਾ ਨਹੀਂ ਹੈ। ਉਨ੍ਹਾਂ ਕਿਹਾ ਕਿ ਅਸੀਂ ਤਿੰਨ ਚੌਥਾਈ ਸੀਟਾਂ ਜਿੱਤਾਂਗੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਦੇ ਸਮਾਗਮ 'ਚ ਭਾਗ ਲੈਣ ਲਈ ਬਿਹਾਰ ਦੀ ਰਾਜਧਾਨੀ ਪਟਨਾ ਪਹੁੰਚੇ ਸ. ਬਾਦਲ ਨੇ ਕਿਹਾ ਕਿ ਸਾਡੀ ਪਾਰਟੀ ਪੰਜਾਬ 'ਚ 3 ਚੌਥਾਈ ਸੀਟਾਂ ਪ੍ਰਾਪਤ ਕਰੇਗੀ। ਇਸ ਦੌਰਾਨ ਉਨ੍ਹਾਂ ਨੇ ਪ੍ਰਕਾਸ਼ ਪੁਰਬ ਦੀਆਂ ਤਿਆਰੀਆਂ ਸਬੰਧੀ ਤਸੱਲੀ ਪ੍ਰਗਟਾਈ। ਇਸ ਤੋਂ ਪਹਿਲਾ ਪਟਨਾ ਹਵਾਈ ਅੱਡੇ 'ਤੇ ਪਹੁੰਚਣ 'ਤੇ ਉਨ੍ਹਾਂ ਦਾ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਭਰਵਾਂ ਸਵਾਗਤ ਕੀਤਾ।


# ਕਾਂਗਰਸ 70 ਤੋਂ ਵੱਧ ਸੀਟਾਂ ਜਿੱਤੇਗੀ - ਕੈਪਟਨ



**ਨਵੀਂ ਦਿੱਲੀ/ਏਜੰਸੀ**

ਚੋਣ ਕਮਿਸ਼ਨ ਵੱਲੋਂ ਅੱਜ ਪੰਜਾਬ ਵਿਧਾਨ ਸਭਾ ਚੋਣਾਂ ਇਕੋ ਗੇੜ 'ਚ ਕਰਵਾਉਣ ਤੇ ਸੂਬੇ 'ਚ ਚੋਣ ਜ਼ਾਬਤਾ ਲਾਗੂ ਕਰਨ ਦਾ ਸਵਾਗਤ ਕਰਦਿਆ ਉਤਸ਼ਾਹ ਨਾਲ ਭਰੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਸੂਬੇ 'ਚ 4 ਫਰਵਰੀ ਨੂੰ ਹੋਣ ਵਾਲੀਆਂ ਚੋਣਾਂ 'ਚ 70 ਤੋਂ ਵੱਧ ਸੀਟਾਂ ਹਾਸਿਲ ਕਰੇਗੀ। ਕੈਪਟਨ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਜਾਂ ਆਮ ਆਦਮੀ ਪਾਰਟੀ ਪੰਜਾਬ ਚੋਣਾਂ 'ਚ ਕਾਂਗਰਸ ਦੇ ਮੁਕਾਬਲੇ ਕਿਤੇ ਵੀ ਨਜ਼ਰ ਨਹੀਂ ਆ ਰਹੀਆਂ ਤੇ ਬਾਦਲ ਸਰਕਾਰ ਵੱਲੋਂ ਭ੍ਰਿਸ਼ਟਾਚਾਰ, ਨਸ਼ੇ ਤੇ ਬੇਨਿਯਮੀਆਂ ਨੂੰ ਉਤਸ਼ਾਹਿਤ ਕਰਨਾ ਸਾਡੇ ਚੋਣ ਪ੍ਰਚਾਰ ਦੇ ਮੁੱਖ ਮੁੱਦੇ ਹੋਣਗੇ।

# ਮਲੂਕਾ ਵਲੋਂ ਆਪਣੇ ਚੋਣ ਦਫ਼ਤਰ ਦੇ ਉਦਘਾਟਨ ਮੌਕੇ ਸਿੱਖ ਪੰਥ ਵਲੋਂ ਪ੍ਰਵਾਨਤ ਅਰਦਾਸ ਨਾਲ ਖਿਲਵਾੜ ਸਹਿਣ ਨਹੀ - ਨਰੂਲਾ



**ਕਰਨਾਲ/ਬਿਓਰੋ**

ਪਿਛਲੇ ਦਿਨੀਂ ਪੰਜਾਬ ਸਰਕਾਰ ਦੇ ਕੈਬਨਟ ਮੰਤਰੀ ਸਿਕੰਦਰ ਸਿੰਘ ਮਲੂਕਾ ਵਲੋਂ ਅਪਣੇ ਚੋਣ ਦਫ਼ਤਰ ਦੇ ਉਦਘਾਟਨ ਮੌਕੇ ਸਿੱਖ ਪੰਥ ਵਲੋਂ ਕੀਤੀ ਜਾਂਦੀ ਅਰਦਾਸ ਨਾਲ ਛੇੜਛਾੜ ਕਰ ਕੇ ਸਿੱਖ ਭਾਵਨਾ ਨਾਲ ਖਿਲਵਾੜ ਕੀਤਾ ਗਿਆ, ਜਿਸ ਨਾਲ ਸਿੱਖਾਂ ਦੇ ਹਿਰਦੇ ਵਲੂਧਰੇ ਗਏ ਜਿਸ ਦੀ ਅਸੀਂ ਨਿਖੇਧੀ ਕਰਦੇ ਹਾਂ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਨਾਲ ਦੇ ਗੁਰਦੁਆਰਾ ਮਾਡਲ ਟਾਊਨ ਵਿਖੇ ਹਰਿਆਣਾ ਸਿੱਖ ਗੁ. ਪ੍ਰਬੰਧਕ ਕਮੇਟੀ ਦੇ ਯੁਵਾ ਸੂਬਾ ਪ੍ਰਧਾਨ ਹਰਪ੍ਰੀਤ ਸਿੰਘ ਨਰੂਲਾ ਨੇ ਕੀਤਾ।

ਉਨ੍ਹਾਂ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਕ ਜੱਥਾ ਜਲਦ ਹੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੂੰ ਮਿਲ ਕੇ ਇਸ ਮਾਮਲੇ 'ਤੇ ਆਪਣਾ ਪੱਖ ਰੱਖਣਗੇ। ਇਸ ਮਾਮਲੇ ਵਿੱਚ ਬਾਦਲ ਸਰਕਾਰ ਵੱਲੋਂ ਚੁੱਪੀ ਇਕ ਸਾਜ਼ਿਸ਼ ਵੱਲ ਇਸ਼ਾਰਾ ਕਰਦੀ ਹੈ।

# ਚੋਣ ਜ਼ਾਬਤੇ ਤੋਂ ਬਾਅਦ ਵਿਦੇਸ਼ ਵਿਚ ਵੀ ਪੰਜਾਬ ਚੋਣਾਂ ਨੂੰ ਲੈ ਕੇ ਸਰਗਰਮੀਆਂ ਹੋਰ ਤੇਜ਼



**ਕੈਨੇਡਾ/ਭਜਨ ਸਿੰਘ ਬਾਂਹਬਾ**

ਚੋਣ ਜ਼ਾਬਤੇ ਤੋਂ ਬਾਅਦ ਵਿਦੇਸ਼ ਵਿਚ ਵੀ ਪੰਜਾਬ ਚੋਣਾਂ ਨੂੰ ਲੈ ਕੇ ਸਰਗਰਮੀਆਂ ਹੋਰ ਤੇਜ਼ ਹੋ ਗਈਆਂ ਹਨ। ਅਕਾਲੀ ਦਲ, ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਐਨ.ਆਰ.ਆਈ. ਵਿੰਗ ਨੇ ਮੀਟਿੰਗਾਂ ਦਾ ਸਿਲਸਿਲਾ ਵਧਾ ਦਿੱਤਾ ਹੈ।

ਕੈਨੇਡਾ ਯੂਨਿਟ ਨੇ ਚੋਣਾਂ ਦੇ ਲਈ ਫੰਡਿੰਗ ਦਾ ਕੰਮ ਹੋਰ ਵੀ ਤੇਜ਼ ਕਰ ਦਿੱਤਾ ਹੈ। ਪਾਰਟੀ ਨੇਤਾਵਾਂ ਦਾ ਕਹਿਣਾ ਹੈ ਕਿ ਕੁੱਝ ਮੈਂਬਰ ਪਹਿਲਾਂ ਹੀ ਪੰਜਾਬ ਪਹੁੰਚ ਚੁੱਕੇ ਹਨ, ਆਉਣ ਵਾਲੇ ਸਮੇ ਵਿਚ ਬਾਕੀ ਵੀ ਪਹੁੰਚ ਜਾਣਗੇ ਅਤੇ ਆਪਣੇ ਅਪਣੇ ਵਿਧਾਨ ਸਭਾ ਹਲਕੇ ਵਿਚ ਪਹੁੰਚ ਕੇ ਚੋਣ ਪ੍ਰਚਾਰ ਦਾ ਕੰਮ ਤੇਜ਼ ਕਰਨਗੇ।